**Directorate of Social Security and Women & Child Development, Punjab.**

**Opening Date for online application: 19.11.2025 at 9:00:00 AM**
**Closing Date for online application: 10.12.2025 at 11:59:00 PM**

Applications are invited for 1316 AWW and 4794 AWH posts (Total 6110) in Punjab. Interested and Eligible (Female Candidates Only) may apply through online mode on the given link sswcd.punjab.gov.in in the prescribed format with all the supporting documents. No other mode of application shall be accepted.

**Note:** 1) The number of posts is indicative and may increase or decrease as required.
2) Please refer department website for all details related to No. of vacancies Village/Ward wise, eligibility, reserved vacancies, selection process.

**Terms & Conditions:**

1. Candidates may apply online only. The detailed advertisement, eligibility criteria and qualification will be available on the website sswcd.punjab.gov.in.
2. Candidates are advised to visit the website regularly, as any addendum or corrigendum will be issued only on the website.

**Sd/-**
**Deputy Director**
**For: Director, SSWCD Punjab**

**ਡਾਇਰੈਕਟੋਰੇਟ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ**

**ਆਨਲਾਈਨ ਅਰਜ਼ੀ ਭਰਨ ਦੀ ਸ਼ੁਰੂਆਤੀ ਮਿਤੀ: 19.11.2025 at 9:00:00 AM**

**ਆਨਲਾਈਨ ਅਰਜ਼ੀ ਭਰਨ ਦੀ ਆਖਰੀ ਮਿਤੀ: 10.12.2025 at 11:59:00 PM**

ਪੰਜਾਬ ਰਾਜ ਵਿੱਚ 1316 ਆਂਗਣਵਾੜੀ ਵਰਕਰਾਂ (AWW) ਅਤੇ 4794 ਆਂਗਣਵਾੜੀ ਹੈਲਪਰਾਂ (AWH) (ਕੁੱਲ 6110) ਅਸਾਮੀਆਂ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਇਛੁੱਕ ਅਤੇ ਯੋਗ (ਕੇਵਲ ਇਸਤਰੀਆਂ) ਉਮੀਦਵਾਰ ਨਿਰਧਾਰਿਤ ਫਾਰਮੈਟ ਅਨੁਸਾਰ ਲੋੜੀਂਦੇ ਦਸਤਾਵੇਜ਼ਾਂ ਸਮੇਤ sswcd.punjab.gov.in ਲਿੰਕ ਰਾਹੀਂ ਕੇਵਲ ਆਨਲਾਈਨ ਹੀ ਅਰਜ਼ੀ ਦੇ ਸਕਦੇ ਹਨ। ਹੋਰ ਕਿਸੇ ਵੀ ਮੋਡ ਰਾਹੀਂ ਦਿੱਤੀ ਗਈ ਅਰਜ਼ੀ ਮਨਜ਼ੂਰ ਨਹੀਂ ਕੀਤੀ ਜਾਵੇਗੀ।

**ਨੋਟ:-**1) ਅਸਾਮੀਆਂ ਦੀ ਗਿਣਤੀ ਸੰਕੇਤਕ ਹੈ ਅਤੇ ਲੋੜ ਅਨੁਸਾਰ ਘੱਟ ਜਾਂ ਵੱਧ ਸਕਦੀ ਹੈ।

2) ਅਸਾਮੀਆਂ ਦੀ ਗਿਣਤੀ, ਯੋਗਤਾ, ਰਾਖਵਾਂਕਰਨ, ਚੋਣ ਵਿਧੀ ਆਦਿ ਦਾ ਵੇਰਵੇ ਲਈ ਵਿਭਾਗ ਦੀ ਵੈਬਸਾਈਟ www.sswcd.punjab.gov.in ਵੇਖੋ।

**ਨਿਯਮ ਅਤੇ ਸ਼ਰਤਾਂ:**

1. ਉਮੀਦਵਾਰ ਕੇਵਲ ਆਨਲਾਈਨ ਅਰਜ਼ੀ ਦੇ ਸਕਦੇ ਹਨ। ਵਿਸਥਾਰਪੂਰਕ ਵਿਗਿਆਪਨ, ਯੋਗਤਾ ਅਤੇ ਵਿਦਿਅੱਕ ਯੋਗਤਾ ਸਬੰਧੀ ਸਾਰੀ ਜਾਣਕਾਰੀ ਵੈਬਸਾਈਟ sswcd.punjab.gov.in ਤੇ ਉਪਲਬਧ ਹੋਵੇਗੀ।
2. ਉਮੀਦਵਾਰ ਨਿਯਮਿਤ ਤੌਰ ਤੇ ਵੈਬਸਾਈਟ ਵੇਖਦੇ ਰਹਿਣ, ਕਿਉਂਕਿ ਕੋਈ ਵੀ ਐਡੈਂਡਮ ਜਾਂ ਕੋਰੀਜੈਂਡਮ ਸਿਰਫ ਵੈਬਸਾਈਟ ਤੇ ਹੀ ਜਾਰੀ ਕੀਤਾ ਜਾਵੇਗਾ।

**ਸਹੀ/-**

**ਡਿਪਟੀ ਡਾਇਰੈਕਟਰ**

**ਵਾ: ਡਾਇਰੈਕਟਰ, ਸ.ਸੁੱ.ਇ.ਤੇ.ਬਾ.ਵਿ ਪੰਜਾਬ**

| ਲੜੀ ਨੰ. | ਜਿਲ੍ਹਾ | ਰਾਖਵੇਕਰਨ ਦੀ ਸਥਿਤੀ | | | ਰਾਖਵੇਕਰਨ ਦੀ ਸਥਿਤੀ | | | ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਵਰਕਰਾਂ ਅਤੇ | |
|---|---|---|---|---|---|---|---|---|---|
| | | ਐਸ.ਸੀ | ਬੀ.ਸੀ | ਅਣ-ਰਾਖਵੀਆਂ | ਐਸ.ਸੀ | ਬੀ.ਸੀ | ਅਣ-ਰਾਖਵੀਆਂ | ਆਂਗਣਵਾੜੀ ਵਰਕਰਾਂ | ਆਂਗਣਵਾੜੀ ਹੈਲਪਰਾਂ |
| 1 | ਅਮ੍ਰਿਤਸਰ | 21 | 0 | 64 | 0 | 0 | 293 | 85 | 293 |
| 2 | ਬਠਿੰਡਾ | 11 | 0 | 33 | 0 | 0 | 216 | 44 | 216 |
| 3 | ਬਰਨਾਲਾ | 5 | 0 | 13 | 0 | 0 | 118 | 18 | 118 |
| 4 | ਫਿਰੋਜਪੁਰ | 5 | 0 | 26 | 0 | 0 | 230 | 31 | 230 |
| 5 | ਫਤਹਿਗੜ੍ਹ ਸਾਹਿਬ | 0 | 0 | 27 | 0 | 0 | 94 | 27 | 94 |
| 6 | ਫਰੀਦਕੋਟ | 5 | 0 | 14 | 0 | 9 | 68 | 19 | 77 |
| 7 | ਗੁਰਦਾਸੁਪਰ | 26 | 0 | 78 | 0 | 0 | 353 | 104 | 353 |
| 8 | ਹੁਸ਼ਿਆਰਪੁਰ | 0 | 0 | 125 | 0 | 0 | 366 | 125 | 366 |
| 9 | ਜਲੰਧਰ | 0 | 0 | 153 | 0 | 38 | 280 | 153 | 318 |
| 10 | ਕਪੂਰਥਲਾ | 0 | 0 | 96 | 0 | 0 | 188 | 96 | 188 |
| 11 | ਲੁਧਿਆਣਾ | 0 | 0 | 170 | 0 | 0 | 627 | 170 | 627 |
| 12 | ਸ਼੍ਰੀ ਮੁਕਤਸਰ ਸਾਹਿਬ | 5 | 0 | 20 | 0 | 0 | 162 | 25 | 162 |
| 13 | ਮਾਨਸਾ | 6 | 3 | 15 | 0 | 0 | 157 | 24 | 157 |
| 14 | ਮੋਗਾ | 0 | 0 | 49 | 0 | 0 | 176 | 49 | 176 |
| 15 | ਮੋਹਾਲੀ | 0 | 0 | 34 | 0 | 0 | 112 | 34 | 112 |
| 16 | ਨਵਾਂਸ਼ਹਿਰ | 0 | 0 | 56 | 0 | 0 | 158 | 56 | 158 |
| 17 | ਪਟਿਆਲਾ | 18 | 0 | 55 | 0 | 1 | 245 | 73 | 246 |
| 18 | ਰੂਪਨਗਰ | 9 | 0 | 27 | 1 | 0 | 140 | 36 | 141 |
| 19 | ਸੰਗਰੂਰ | 8 | 0 | 24 | 0 | 0 | 226 | 32 | 226 |
| 20 | ਤਰਨਤਾਰਨ | 12 | 0 | 37 | 0 | 0 | 181 | 49 | 181 |
| 21 | ਫਾਜਿਲਕਾ | 0 | 0 | 23 | 0 | 0 | 157 | 23 | 157 |
| 22 | ਪਠਾਨਕੋਟ | 13 | 0 | 19 | 0 | 0 | 129 | 32 | 129 |
| 23 | ਮਲੇਰਕੋਟਲਾ | 0 | 0 | 11 | 0 | 0 | 69 | 11 | 69 |
| | **ਕੁੱਲ ਜੋੜ** | **144** | **3** | **1169** | **1** | **48** | **4745** | **1316** | **4794** |

**ਨੋਟ: ਅਸਾਮੀਆਂ ਦੀ ਗਿਣਤੀ ਸੰਕੇਤਕ ਹੈ ਅਤੇ ਲੋੜ ਅਨੁਸਾਰ ਘੱਟ ਜਾਂ ਵੱਧ ਸਕਦੀ ਹੈ।**

## ਬਿਨੈਕਾਰ ਲਈ ਜਰੂਰੀ ਹਦਾਇਤਾਂ

- ਉਮੀਦਵਾਰ ਕੇਵਲ ਆਨਲਾਈਨ ਮਾਧਿਅਮ ਰਾਹੀਂ ਹੀ ਅਰਜ਼ੀ ਦੇ ਸਕਦੇ ਹਨ, ਜੋ ਕਿ sswcd.punjab.gov.in ’ਤੇ ਉਪਲਬਧ ਹੈ।
- ਕਿਸੇ ਹੋਰ ਮਾਧਿਅਮ ਰਾਹੀਂ ਭੇਜੀ ਗਈ ਅਰਜ਼ੀ ਸਵੀਕਾਰ ਨਹੀਂ ਕੀਤੀ ਜਾਵੇਗੀ।
- ਆਂਗਣਵਾੜੀ ਵਰਕਰ ਅਤੇ ਹੈਲਪਰ ਦੀ ਅਸਾਮੀ ਲਈ ਅਰਜ਼ੀ ਦੇਣ ਤੋਂ ਪਹਿਲਾਂ, ਉਮੀਦਵਾਰ ਵਲੋਂ ਸੁਨਿਸ਼ਚਿਤ ਕੀਤਾ ਜਾਵੇ ਕਿ ਉਹ ਇਸ ਵਿਗਿਆਪਨ ਵਿੱਚ ਦਿੱਤੇ ਗਏ ਸਾਰੇ ਯੋਗਤਾ ਮਾਪਦੰਡ ਦੇ ਅਧੀਨ ਆਉਂਦਾ ਹੈ।
- ਉਮੀਦਵਾਰ ਵਲੋਂ ਆਨਲਾਈਨ ਅਰਜ਼ੀ ਫਾਰਮ ਨੂੰ ਬੜੀ ਸਾਵਧਾਨੀ ਨਾਲ ਭਰਿਆ ਜਾਵੇ ਅਤੇ ਜਮ੍ਹਾਂ ਕਰਨ ਤੋਂ ਪਹਿਲਾਂ ਸਾਰੀ ਜਾਣਕਾਰੀ ਧਿਆਨ ਨਾਲ ਚੈੱਕ ਕਰ ਲਈ ਜਾਵੇ। ਕਿਸੇ ਵੀ ਗਲਤ ਜਾਂ ਗਲਤ ਤਰੀਕੇ ਨਾਲ ਭਰੀ ਜਾਣਕਾਰੀ ਲਈ ਇਹ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ। ਉਮੀਦਵਾਰ ਵਲੋਂ ਦਿੱਤੀ ਜਾਣਕਾਰੀ ਜਿੰਮੇਵਾਰੀ ਉਸਦੀ ਆਪ ਦੀ ਹੋਵੇਗੀ।
- ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਾਰੇ ਲਾਜ਼ਮੀ ਦਸਤਾਵੇਜ਼ ਠੀਕ ਤਰੀਕੇ ਨਾਲ ਅਪਲੋਡ ਕਰੇ। ਜੇਕਰ ਕਿਸੇ ਦਸਤਾਵੇਜ਼ ਦੀ ਘਾਟ ਹੋਣ ਕਾਰਨ ਉਮੀਦਵਾਰ ਵਲੋਂ ਗਲਤ ਦਸਤਾਵੇਜ਼ ਅਪਲੋਡ ਕੀਤਾ ਜਾਂਦਾ ਹੈ ਜਾਂ ਨਕਲੀ ਦਸਤਾਵੇਜ਼ ਅਪਲੋਡ ਕੀਤਾ ਜਾਂਦਾ ਹੈ, ਤਾਂ ਉਮੀਦਵਾਰ ਦੀ ਅਰਜ਼ੀ ਰੱਦ ਕੀਤੀ ਜਾਵੇਗੀ।
- ਉਮਰ, ਲਾਜ਼ਮੀ ਯੋਗਤਾ ਅਤੇ ਤਜਰਬੇ ਦੀ ਗਿਣਤੀ ਲਈ ਅੰਤਿਮ ਮਿਤੀ, ਆਨਲਾਈਨ ਅਰਜ਼ੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਨੂੰ ਹੀ ਮਾਪਦੰਡ ਮੰਨਿਆ ਜਾਵੇਗਾ।
- ਉਮੀਦਵਾਰਾਂ ਦੀ ਮੈਰਿਟ ਸਿਰਫ਼ ਉਸ ਜਾਣਕਾਰੀ ਅਤੇ ਦਸਤਾਵੇਜ਼ਾਂ ਦੇ ਅਧਾਰ ’ਤੇ ਗਿਣੀ ਜਾਵੇਗੀ ਜੋ ਅਰਜ਼ੀ ਵਿੱਚ ਦਿੱਤੇ ਗਏ ਹਨ। ਜੇਕਰ ਕੋਈ ਜਾਣਕਾਰੀ ਬਿਨਾਂ ਦਸਤਾਵੇਜ਼ਾਂ ਦੇ ਦਿੱਤੀ ਗਈ ਹੈ, ਤਾਂ ਉਸਨੂੰ ਨਹੀਂ ਮੰਨਿਆ ਜਾਵੇਗਾ।
- ਜਿਹੜੇ ਉਮੀਦਵਾਰ ਰਿਹਾਇਸ਼ ਸਬੂਤ ਦੀ ਅਰਜ਼ੀ ਦੀ ਪਰਚੀ (ਜਿਵੇਂ ਕਿ ਵੋਟਰ ਕਾਰਡ, ਆਧਾਰ ਕਾਰਡ, Domicile ਸਰਟੀਫਿਕੇਟ ਆਦਿ) ਲਗਾ ਕੇ ਅਰਜ਼ੀ ਦੇਣਗੇ, ਉਨ੍ਹਾਂ ਦੀ ਮੈਰਿਟ ਆਰਜੀ ਤੌਰ ’ਤੇ ਗਿਣੀ ਜਾਵੇਗੀ ਅਤੇ ਉਨ੍ਹਾਂ ਨੂੰ ਕੌਂਸਲਿੰਗ ਤੋਂ ਪਹਿਲਾਂ ਅਸਲੀ ਰਿਹਾਇਸ਼ ਸਬੂਤ ਪੇਸ਼ ਕਰਨਾ ਲਾਜ਼ਮੀ ਹੋਵੇਗਾ। ਕੌਂਸਲਿੰਗ ਦੇ ਸਮੇਂ ਇਹ ਸਬੂਤ ਪੇਸ਼ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਦੀ ਚੋਣ ਰੱਦ ਕਰ ਦਿੱਤੀ ਜਾਵੇਗੀ ਅਤੇ ਅਗਲਾ ਮੈਰਿਟ ਵਾਲਾ ਉਮੀਦਵਾਰ ਵਿਚਾਰ ਲਿਆ ਜਾਵੇਗਾ।
- ਸ਼ਾਰਟਲਿਸਟ ਕੀਤੇ ਗਏ ਉਮੀਦਵਾਰਾਂ ਨੂੰ ਇੰਟਰਵਿਊ ਦੀ ਮਿਤੀ, ਸਮਾਂ ਅਤੇ ਸਥਾਨ ਬਾਰੇ ਜਾਣਕਾਰੀ ਈਮੇਲ ਜਾਂ ਸੰਬੰਧਤ ਜ਼ਿਲ੍ਹਾ ਵੈਬਸਾਈਟ ’ਤੇ ਨੋਟਿਸ ਰਾਹੀਂ ਦਿੱਤੀ ਜਾਵੇਗੀ। ਇਸ ਲਈ ਉਮੀਦਵਾਰਾਂ ਵਲੋਂ ਆਪਣਾ ਸਹੀ ਮੋਬਾਈਲ ਨੰਬਰ ਅਤੇ ਈਮੇਲ ਆਈਡੀ ਦਰਜ ਕੀਤੀ ਜਾਵੇ।
- ਅਰਜ਼ੀ ਨੂੰ ਅੰਤਿਮ ਤੌਰ ’ਤੇ ਜਮ੍ਹਾਂ ਕਰਨ ਤੋਂ ਬਾਅਦ ਕੋਈ ਸੋਧ ਜਾਂ ਤਬਦੀਲੀ ਮੰਨਜ਼ੂਰ ਨਹੀਂ ਕੀਤੀ ਜਾਵੇਗੀ।
- ਸਾਰੇ ਦਸਤਾਵੇਜ਼ PDF ਫਾਰਮੈਟ ਵਿੱਚ ਅਤੇ ਪੜ੍ਹਨਯੋਗ (readable) ਹੋਣੇ ਚਾਹੀਦੇ ਹਨ।
- ਤਾਜ਼ਾ ਤਸਵੀਰ ਅਪਲੋਡ ਕੀਤੀ ਜਾਵੇ।
- ਆਨਲਾਈਨ ਅਰਜ਼ੀ ਸਫਲਤਾਪੂਰਵਕ ਜਮ੍ਹਾਂ ਕਰਨ ਤੋਂ ਬਾਅਦ, ਉਮੀਦਵਾਰ ਵਲੋਂ ਆਪਣੀ ਅਰਜ਼ੀ ਦੀ ਪ੍ਰਿੰਟ ਕਾਪੀ ਭਵਿੱਖ ਲਈ ਸੰਭਾਲ ਕੇ ਰੱਖੀ ਜਾਵੇ।
- ਹਰ ਅਰਜ਼ੀ ਨੂੰ ਇੱਕ ਵਿਸ਼ੇਸ਼ Application ID ਦਿੱਤਾ ਜਾਵੇਗਾ, ਜੋ ਅਰਜ਼ੀ ’ਤੇ ਛਪਿਆ ਹੋਵੇਗਾ। ਭਵਿੱਖ ਦੀ ਸਾਰੀ ਚਿੱਠੀ-ਪੱਤਰ ਇਸ Application ID ਦੇ ਆਧਾਰ ’ਤੇ ਹੀ ਕੀਤੀ ਜਾਵੇਗੀ।
- ਇਹ ਅਸਾਮੀਆਂ ਮਾਣਭੱਤੇ ਤੇ ਅਧਾਰਿਤ ਹਨ। ਜੇਕਰ ਅਰਜ਼ੀਆਂ ਦੀ ਗਿਣਤੀ ਵੱਧ ਹੋਵੇ, ਤਾਂ ਬਲਾਕ-ਪੱਧਰ ਚੋਣ ਕਮੇਟੀ ਨੂੰ ਅਰਜ਼ੀਆਂ ਦੀ ਛਾਂਟ ਕਰਨ ਅਤੇ ਚੁਣੇ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਉਣ ਦਾ ਅਧਿਕਾਰ ਹੋਵੇਗਾ।
- ਕੌਂਸਲਿੰਗ ਲਈ ਹਾਜ਼ਰ ਹੋਣ ਦੇ ਲਈ ਕੋਈ TA/DA ਨਹੀਂ ਦਿੱਤਾ ਜਾਵੇਗਾ।
- ਕੌਂਸਲਿੰਗ ਦੇ ਸਮੇਂ ਅਸਲੀ ਦਸਤਾਵੇਜ਼ ਪੇਸ਼ ਕਰਨਾ ਲਾਜ਼ਮੀ ਹੋਵੇਗਾ।

- ਨਿਯਮਤ ਤੌਰ 'ਤੇ ਅੱਪਡੇਟ ਲਈ, ਕਿਰਪਾ ਕਰਕੇ https://sswcd.punjab.gov.in ਜਾਂ ਸੰਬੰਧਤ ਜ਼ਿਲ੍ਹੇ ਦੀ ਵੈਬਸਾਈਟ ਨੂੰ ਸਮੇਂ-ਸਮੇਂ 'ਤੇ ਵੇਖਿਆ ਜਾਵੇ।
- ਅਸਾਮੀਆਂ ਦੀ ਗਿਣਤੀ ਸੰਕੇਤਕ ਹੈ ਅਤੇ ਲੋੜ ਅਨੁਸਾਰ ਘੱਟ ਜਾਂ ਵੱਧ ਸਕਦੀ ਹੈ।
- ਸਮਰੱਥ ਅਥਾਰਟੀ ਨੂੰ ਚੋਣ ਪ੍ਰਕਿਰਿਆ ਨੂੰ ਕਿਸੇ ਵੀ ਸਮੇਂ ਰੱਦ ਕਰਨ ਦਾ ਅਧਿਕਾਰ ਹੈ।
- ਐਸ.ਸੀ/ਬੀ.ਸੀ/ਦਿਵਿਆਂਗਜਨਾਂ ਉਮੀਦਵਾਰਾਂ ਵਲੋਂ ਰਾਖਵਾਂਕਰਨ ਦਾ ਲਾਭ ਲੈਣ ਲਈ ਸਰਟੀਫਿਕੇਟ ਲਗਾਉਣਾ ਲਾਜਮੀ ਹੈ।
- ਭਰਤੀ ਦੇ ਲਈ weighted average ਕਰਾਈਟੀਰੀਆ ਬਣਾਉਂਦੇ ਹੋਏ ਗਰੈਜੂਏਸ਼ਨ, ਪੀ.ਜੀ, ਬੀ.ਐਡ, ਈ.ਟੀ.ਟੀ ਜਾਂ ਇਸ ਦੇ ਬਰਾਬਰ ਦੀ ਵਿੱਦਿਆ ਦੇ ਅੰਕ ਸੰਕਲਿਤ ਕਰਦੇ ਹੋਏ ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ, ਜਿਸ ਵਿੱਚ ਇੰਟਰਵਿਊ ਦੇ ਅੰਕ ਸ਼ਾਮਿਲ ਕਰਦੇ ਹੋਏ ਅੰਤਿਮ ਮੈਰਿਟ ਤਿਆਰ ਕੀਤੀ ਜਾਵੇਗੀ।
- ਆਨਲਾਈਨ ਅਰਜੀ ਫਾਰਮ ਅਪਲਾਈ ਕਰਨ ਤੋਂ ਪਹਿਲਾਂ ਦਿੱਤੇ ਲਿੰਕ ਤੋਂ ਆਂਗਣਵਾੜੀ ਸੈਂਟਰ ਦਾ ਕੋਡ ਚੈੱਕ ਕਰ ਲਿਆ ਜਾਵੇ, ਜਿਥੇ ਬਿਨੈਕਾਰ ਵਲੋਂ ਅਪਲਾਈ ਕੀਤਾ ਜਾਣਾ ਹੈ। ਬਿਨੈਕਾਰ ਵਲੋਂ ਇਹ ਵੀ ਸੁਨਿਸ਼ਚਿਤ ਕਰ ਲਿਆ ਜਾਵੇ ਕਿ ਬਿਨੈਕਾਰ ਸਬੰਧਤ ਆਂਗਣਵਾੜੀ ਸੈਂਟਰ ਦੀ ਉਪਰੋਕਤ ਅਨੁਸਾਰ ਵਿਦਿਅਕ, ਰਿਹਾਇਸ਼, ਉਮਰ ਦੀਆਂ ਸ਼ਰਤਾਂ ਨੂੰ ਪੂਰੀਆਂ ਕਰਦੀ ਹੋਵੇ।
- ਇਸ਼ਤਿਹਾਰ ਸਬੰਧੀ ਜਰੂਰੀ ਹਦਾਇਤਾਂ/ਯੋਗਤਾਵਾਂ/ਅਸਾਮੀਆਂ ਦੀ ਸੂਚੀ/ਰਾਖਵਾਂਕਰਨ ਦਾ ਵੇਰਵਾ ਅਤੇ ਅਪਲਾਈ ਕਰਨ ਦੀ ਵਿਧੀ ਸਬੰਧੀ ਜਾਣਕਾਰੀ ਵਿਭਾਗੀ ਵੈਬਸਾਈਟ https://sswcd.punjab.gov.in ਪ੍ਰਾਪਤ ਕੀਤੀ ਜਾ ਸਕਦੀ ਹੈ।

**ਯੋਗਤਾਵਾਂ:**

1. ਵਿੱਦਿਅਕ ਯੋਗਤਾ:

| ਲੜੀ ਨੰ. | ਅਸਾਮੀ ਦਾ ਨਾਮ | ਵਿੱਦਿਅਕ ਯੋਗਤਾ |
|---|---|---|
| 01 | ਆਂਗਣਵਾੜੀ ਵਰਕਰ | i. ਘੱਟੋ-ਘੱਟ ਗਰੈਜੂਏਸ਼ਨ ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਵੇ ਅਤੇ;<br>ii. ਦਸਵੀਂ ਪੱਧਰ ਦਾ ਜਾਂ ਇਸ ਦੇ ਬਰਾਬਰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋ ਆਯੋਜਿਤ ਕੀਤਾ ਜਾਂਦਾ ਪੰਜਾਬੀ ਵਿਸ਼ੇ ਦਾ ਇਮਤਿਹਾਨ ਪਾਸ ਕੀਤਾ ਹੋਵੇ। |
| 02 | ਆਂਗਣਵਾੜੀ ਹੈਲਪਰ | i. ਘੱਟੋ-ਘੱਟ 10+2 ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਵੇ ਅਤੇ;<br>ii. ਦਸਵੀਂ ਪੱਧਰ ਦਾ ਜਾਂ ਇਸ ਦੇ ਬਰਾਬਰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋ ਆਯੋਜਿਤ ਕੀਤਾ ਜਾਂਦਾ ਪੰਜਾਬੀ ਵਿਸ਼ੇ ਦਾ ਇਮਤਿਹਾਨ ਪਾਸ ਕੀਤਾ ਹੋਵੇ। |

**ਨੋਟ:** (i) ਜੇਕਰ ਕਿਸੇ ਬਿਨੈਕਾਰ ਪਾਸ ਜਿਆਦਾ ਵਿੱਦਿਅਕ ਯੋਗਤਾ ਹੈ ਤਾਂ ਉਸ ਦੀ ਵਧੇਰੇ ਵਿੱਦਿਅਕ ਯੋਗਤਾ ਨੂੰ ਮੰਨਦੇ ਹੋਏ ਸਿਲੈਕਸ਼ਨ ਕਰਾਈਟੀਰੀਏ ਵਿੱਚ ਸ਼ਾਮਿਲ ਕੀਤਾ ਜਾਵੇਗਾ।

(ii) ਵਿੱਦਿਅਕ ਯੋਗਤਾ ਸਰਟੀਫਿਕੇਟ ਅਪਲਾਈ ਕਰਨ ਦੀ ਅੰਤਿਮ ਮਿਤੀ ਤੋਂ ਪਹਿਲਾਂ ਜਾਰੀ ਹੋਇਆ ਹੋਣਾ ਜਰੂਰੀ ਹੈ ਜਾਂ ਵਿੱਦਿਅਕ ਯੋਗਤਾ ਦਾ ਨਤੀਜਾ ਘੋਸ਼ਿਤ ਹੋਇਆ ਹੋਣਾ ਜਰੂਰੀ ਹੈ।

2. ਉਮਰ ਸੀਮਾ:
    - ਆਂਗਣਵਾੜੀ ਵਰਕਰ ਦੀ ਭਰਤੀ ਲਈ ਘੱਟੋ-ਘੱਟ ਉਮਰ 21 ਸਾਲ ਅਤੇ ਵੱਧ ਤੋਂ ਵੱਧ ਉਮਰ 37 ਸਾਲ ਹੋਵੇਗੀ ਅਤੇ ਆਂਗਣਵਾੜੀ ਹੈਲਪਰ ਦੀ ਭਰਤੀ ਲਈ ਘੱਟੋ-ਘੱਟ ਉਮਰ 18 ਸਾਲ ਅਤੇ ਵੱਧ ਤੋਂ ਵੱਧ ਉਮਰ 37 ਸਾਲ ਹੋਵੇਗੀ।
    - ਅਨੁਸੂਚਿਤ/ਪਿਛੜੀਆਂ ਜਾਤੀਆਂ ਦੇ ਉਮੀਦਵਾਰਾਂ ਲਈ ਉਮਰ ਦੀ ਹੱਦ 42 ਸਾਲ ਹੋਵੇਗੀ।
    - ਦਿਵਿਆਂਗਜਨ ਉਮੀਦਵਾਰਾਂ ਲਈ ਵੱਧ ਤੋਂ ਵੱਧ ਉਮਰ ਦੀ ਹੱਦ 47 ਸਾਲ ਹੋਵੇਗੀ।
    - ਵਿਧਵਾ ਅਤੇ ਤਲਾਕਸ਼ੁਦਾ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਹੱਦ 47 ਸਾਲ ਹੋਵੇਗੀ।
3. ਰਿਹਾਇਸ਼ ਸਬੰਧੀ ਯੋਗਤਾ:

- ਬਿਨੈਕਾਰ, ਪੇਂਡੂ ਇਲਾਕਿਆਂ ਲਈ ਸੰਬੰਧਤ ਗ੍ਰਾਮ ਪੰਚਾਇਤ/ਗ੍ਰਾਮ ਸਭਾ ਦੇ ਖੇਤਰ ਦੀ, ਵਸਨੀਕ ਹੋਣੀ ਚਾਹੀਦੀ ਹੈ
- ਅਤੇ ਮਿਤੀ 1/1/2018 ਤੋਂ ਬਾਅਦ ਵਿਭਾਜਿਤ ਗ੍ਰਾਮ ਪੰਚਾਇਤਾਂ ਦੇ ਕੇਸ ਵਿੱਚ ਸੰਬੰਧਤ ਵਿਭਾਜਿਤ ਗ੍ਰਾਮ ਪੰਚਾਇਤਾਂ ਦੇ ਸਮੁੱਚੇ ਖੇਤਰ ਦੀ, ਵਸਨੀਕ ਹੋਣੀ ਚਾਹੀਦੀ ਹੈ
- ਸ਼ਹਿਰੀ ਖੇਤਰਾਂ (ਨਗਰ ਨਿਗਮ ਅਤੇ ਨਗਰ ਕੌਂਸਲ (A Class) ਲਈ ਸਬੰਧਤ ਵਾਰਡ ਜਾਂ ਨਾਲ ਲੱਗਦੇ ਵਾਰਡ (With Contiguous Boundaries)(ਇਸ਼ਤਿਹਾਰ ਜਾਰੀ ਕਰਨ ਸਮੇਂ ਉਸ ਸਮੇਂ ਦੀ ਜਾਰੀ ਵਾਰਡਬੰਦੀ ਅਨੁਸਾਰ) ਦੀ, ਵਸਨੀਕ ਹੋਣੀ ਚਾਹੀਦੀ ਹੈ।
- ਸੰਬਧਤ ਸ਼ਹਿਰ (ਨਗਰ ਕੌਂਸਲ (B ਅਤੇ C Class ਅਤੇ ਨਗਰ ਪੰਚਾਇਤ)) ਦੀ, ਵਸਨੀਕ ਹੋਣੀ ਚਾਹੀਦੀ ਹੈ।
- ਰਿਹਾਇਸ਼ ਸਬੰਧੀ ਸ਼ਰਤਾਂ (ਕੇਵਲ ਪੱਦਉਨਤੀਆਂ/ਵਿਆਹ ਉਪਰੰਤ ਬਦਲੀਆਂ/ਅਡਸਟਮੈਂਟ ਨੂੰ ਛੱਡ ਕੇ) ਬਾਕੀ ਸਾਰੀਆਂ ਕਿਸਮ ਦੀਆਂ ਨਿਯੁਕਤੀਆਂ ਤੇ ਲਾਗੂ ਹੋਣਗੀਆਂ।

4. <u>ਰਿਹਾਇਸ਼ੀ ਸਬੂਤ:</u>

i. ਪੰਜਾਬ ਸਰਕਾਰ ਵੱਲੋ ਜਾਰੀ ਕੀਤਾ ਰਿਹਾਇਸ਼ ਸਬੰਧੀ ਸਰਟੀਫਿਕੇਟ (Domicile Certificate); ਜਾਂ

ii. ਵੋਟਰ ਸ਼ਨਾਖਤੀ ਕਾਰਡ ਅਤੇ ਤਾਜਾ ਵੋਟਰ ਸੂਚੀ (ਚੋਣਕਾਰ ਰਜਿਸਟ੍ਰੇਸ਼ਨ ਅਫਸਰ ਵੱਲੋ ਜਾਰੀ) ਵਿੱਚ ਇੰਦਰਾਜ ਹੋਵੇ; ਜਾਂ

iii. ਅਧਾਰ ਕਾਰਡ (ਘੱਟ ਤੋਂ ਘੱਟ 6 ਮਹੀਨੇ ਪੁਰਾਣਾ ਬਣਿਆ ਹੋਣਾ ਚਾਹੀਦਾ ਹੈ)

iv. ਅਤੇ ਰਾਖਵਾਂਕਰਨ ਦਾ ਲਾਭ ਲੈਣ ਲਈ ਪੰਜਾਬ ਸਰਕਾਰ ਵੱਲੋਂ ਅਧਿਕਾਰਤ ਅਥਾਰਿਟੀ ਵੱਲੋਂ ਜਾਰੀ ਕੀਤਾ ਗਿਆ ਜਾਤੀ ਸਬੰਧੀ ਸਰਟੀਫਿਕੇਟ;

v. ਵਿਆਹ ਉਪਰੰਤ ਅਪਲਾਈ ਕਰਨ ਵਾਲੀਆਂ ਲੜਕੀਆਂ ਲਈ ਪਤੀ ਦਾ ਉਪਰੋਕਤ ਲੜੀ ਨੰ i. ਤੋਂ iii. ਦੇ ਸਾਰੇ ਦਸਤਾਵੇਜ ਵਿੱਚੋ ਕੋਈ 2 ਦਸਤਾਵੇਜ ਅਤੇ ਸਰਕਾਰ ਵੱਲੋ ਜਾਰੀ ਵਿਆਹ ਦੀ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ (ਕੇਵਲ ਵਿਆਹ ਉਪਰੰਤ ਅਪਲਾਈ ਕਰਨ ਵਾਲੀਆਂ ਲੜਕੀਆਂ ਲਈ)

vi. ਜੇਕਰ ਕਿਸੇ ਬਿਨੈਕਾਰ ਵੱਲੋ ਉਪਰੋਕਤ ਰਿਹਾਇਸ਼ ਦੇ ਦਸਤਾਵੇਜ ਉਪਲਬਧ ਨਾ ਹੋਣ ਕਾਰਨ ਉਪਰੋਕਤ ਤੋ ਇਲਾਵਾ ਰਿਹਾਇਸ਼ ਸਬੰਧੀ ਕੋਈ ਹੋਰ ਦਸਤਾਵੇਜ ਅਰਜੀ ਫਾਰਮ ਦੇ ਨਾਲ ਨੱਥੀ ਕੀਤੇ ਜਾਂਦੇ ਹਨ ਤਾਂ ਸਬੰਧਤ ਬਿਨੈਕਾਰ ਵੱਲੋ ਲੜੀ ਨੰ i ਅਤੇ ii ਤੇ ਦਰਜ ਦਸਤਾਵੇਜ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਵਿਖੇ ਜਮ੍ਹਾਂ ਕਰਵਾਉਣ ਲਈ ਅਰਜੀਆਂ ਪ੍ਰਾਪਤ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਇਹਨਾਂ ਦਸਤਾਵੇਜਾਂ ਨੂੰ ਪ੍ਰਾਪਤ ਕਰਨ ਲਈ ਸਮਰੱਥ ਅਥਾਰਿਟੀ ਨੂੰ ਅਪਲਾਈ ਕਰਨਾ ਲਾਜ਼ਮੀ ਹੋਵੇਗਾ ਅਤੇ ਇਸ ਦੀ ਰਸੀਦ ਸਬੰਧਤ ਦਫਤਰ ਵਿਖੇ ਅਰਜੀ ਦੇ ਨਾਲ ਜਮ੍ਹਾ ਕਰਵਾਉਣੀ ਜਰੂਰੀ ਹੋਵੇਗੀ।

vii. ਬਿਨੈਕਾਰ ਵੱਲੋ ਸਬੰਧਤ ਅਸਾਮੀ ਦੀ ਕਾਂਉਸਲਿੰਗ ਦੀ ਮਿਤੀ ਤੋਂ ਪਹਿਲਾਂ ਜਾਂ ਉਸ ਮਿਤੀ ਨੂੰ ਰਿਹਾਇਸ਼ ਦੇ ਸਬੰਧੀ ਸਬੂਤ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂੰ ਦਿੱਤੇ ਜਾਂਦੇ ਹਨ ਤਾਂ ਹੀ ਬਿਨੈਕਾਰ ਦੀ ਅਰਜੀ ਨੂੰ ਮੈਰਿਟ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਸਬੰਧੀ ਬਿਨੈਕਾਰ ਨਾਲ ਕਿਸੇ ਕਿਸਮ ਦਾ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ ਅਤੇ ਸੂਚਨਾਂ ਨਾ ਦੇਣ ਦੀ ਸੂਰਤ ਵਿੱਚ ਅਰਜੀ/ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

5. <u>ਅਰਜੀ ਦੀ ਫੀਸ:</u>

| ਲੜੀ ਨੰ. | ਅਸਾਮੀ | ਫੀਸ | |
|---|---|---|---|
| | | ਜਨਰਲ | ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ/ਵਿਧਵਾ/ ਤਲਾਕਸ਼ੁਦਾ ਔਰਤਾਂ/ਦਿਵਿਆਂਗਜਨ |
| 1. | ਆਂਗਣਵਾੜੀ ਵਰਕਰ | 500 | 250 |
| 2. | ਆਂਗਣਵਾੜੀ ਹੈਲਪਰ | 300 | 150 |

- ਆਨਲਾਈਨ ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ - 19.11.2025 (9.00 AM)
- ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ - 10.12.2025 (11:59 PM)

**Note:** ਵਧੇਰੇ ਜਾਣਕਾਰੀ ਲਈ, ਵਿਭਾਗ ਵੱਲੋਂ 22.07.2025 ਨੂੰ ਜਾਰੀ ਕੀਤੀਆਂ ਹਦਾਇਤਾਂ ਜਾਂ ਭਵਿੱਖ ਵਿੱਚ ਵਿਭਾਗ ਵੱਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਹੋਰ ਹਦਾਇਤਾਂ ਨੂੰ ਵੇਖਿਆ ਜਾ ਸਕਦਾ ਹੈ। ਇਹ ਹਦਾਇਤਾਂ ਵਿਭਾਗੀ ਵੈਬਸਾਈਟ ਤੇ ਉਪਲਬਧ ਹਨ।